# पौणाहारी दा चाला आ गया

ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ ਚਾਲਾ ਆ ਗਿਆ ।
ਮੈਥੋਂ ਤੁਰਿਆ ਨਹੀਂ ਜਾਂਦਾ, ਦੁੱਧਾਧਾਰੀ ਦਾ ਚਾਲਾ ਆ ਗਿਆ ।
ਮੈਂ ਆਪੇ ਲੈਜਾਂਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਘਰਵਾਲੇ ਮੈਨੂੰ ਆਣ ਨਾ ਦੇਂਦੇ, ਕਿਵੇਂ ਗੁਫ਼ਾ ਤੇ ਆਵਾਂ ॥
ਮੈਂ ਚਿੱਠੀਆਂ ਪਾ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਗੁਫ਼ਾ ਤੇਰੀ ਦੀਆਂ ਕਠਿਨ ਚੜ੍ਹਾਈਆਂ, ਕਿਵੇਂ ਮੈਂ ਚੜ੍ਹ ਕੇ ਆਵਾਂ ॥
ਮੈਂ ਬਾਂਹਵਾਂ ਫੜ੍ਹ ਲੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਨੰਗੇ ਨੰਗੇ ਪੈਰ ਮੈਥੋਂ ਚੱਲਿਆ ਨਾ ਜਾਵੇ, ਕਿਵੇਂ ਦਵਾਰੇ ਆਵਾਂ ॥
ਮੈ ਸੜਕ ਬਣਾ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਕੋਲ ਤਾਂ ਮੇਰੇ ਪੈਸਾ ਹੈ ਨੀ, ਕਿਵੇਂ ਗੁਫ਼ਾ ਤੇ ਆਵਾਂ ॥
ਮੈ ਝੋਲੀਆਂ ਭਰ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਕੋਲ ਤਾਂ ਮੇਰੇ ਪੈਸਾ ਹੈ ਨੀ, ਕਿਵੇਂ ਮੈਂ ਰੋਟ ਚੜ੍ਹਾਵਾਂ ॥
ਮੈ ਆਪੇ ਹੀ ਲੈ ਲਾਂਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਕੋਲ ਤਾਂ ਮੇਰੇ ਪੈਸਾ ਹੈ ਨੀ, ਕਿਵੇਂ ਮੈਂ ਭੋਗ ਲਗਾਵਾਂ ॥
ਮੈ ਲੰਗਰ ਲਗਵਾ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਕੋਲ ਤਾਂ ਮੇਰੇ ਪੈਸਾ ਹੈ ਨੀ, ਕਿਵੇਂ ਮੈਂ ਚੌਂਕੀ ਲੁਆਵਾਂ ॥
ਮੈ ਮੰਡਲੀ/ਭਗਤ ਬੁਲਾ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਗੁਫ਼ਾ ਦੇ ਅੰਦਰ ਘੋਰ ਅੰਧੇਰਾ, ਕਿਵੇਂ ਮੈਂ ਦਰਸ਼ਨ ਪਾਵਾਂ ॥
ਮੈਂ ਜੋਤ ਜਗਾ ਦੂੰਗਾ ॥, ਤੂੰ ਕਿਓਂ ਭਗਤਾ ਘਬਰਾ ਗਿਆ,,,
ਮੈਥੋਂ ਤੁਰਿਆ ਨਹੀਂ ਜਾਂਦਾ, ਪੌਣਾਹਾਰੀ ਦਾ,,,,,,,,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/26689/title/paunahari-da-chala-aa-gya

अपने Android मोबाइल पर BhajanGanga App डाउनलोड करें और भजनों का आनंद ले |